# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਮਾਨਯੋਗ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਕੀਤੇ ਹੁਕਮਾਂ ਅਨੁਸਾਰ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਤਿਆਰ ਕਰਨ ਲਈ ਦਿਸਾ ਨਿਰਦੇਸ ਦਿੱਤੇ ਗਏ ਸੀ। ਇਹਨਾਂ ਦਿਸ਼ਾ ਨਿਰਦੇਸ਼ਾ ਅਨੁਸਾਰ ਵਿਭਾਗ ਵਲੋ ਮਾਸਟਰ /ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਤਿਆਰ ਕਰਕੇ ਮਿਤੀ 12-12-2017 ਨੂੰ ਜਾਰੀ ਕੀਤੀ ਗਈ ਸੀ। ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਨੂੰ ਕੁੱਝ ਅਧਿਆਪਕਾਂ ਵਲੋ ਮਾਨਯੋਗ ਹਾਈ ਕੋਰਟ ਵਿਖੇ ਸਿਵਲ ਰਿਟ ਪਟੀਸਨ ਨੰ: 3491 ਆਫ 2018 ਦਾਇਰ ਕਰਕੇ ਚੈਲਿੰਜ ਕੀਤਾ ਗਿਆ। ਮਾਨਯੋਗ ਹਾਈ ਕੋਰਟ ਵਲੋ ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਤੇ ਰੋਕ ਲਗਾ ਦਿੱਤੀ ਗਈ। ਇਸ ਉਪਰੰਤ ਵਿਭਾਗ ਵਲੋ ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਹੁਕਮ ਨੰ: 16/3-2017 ਅਮਲਾ-2(6), ਅਮਲਾ-3(4)/201821031, ਮਿਤੀ 08-06-2018 ਰਾਹੀ ਵਾਪਿਸ ਲੈ ਲਈ ਗਈ। ਹੁਣ ਮਾਨਯੋਗ ਹਾਈ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 3491 ਆਫ 2018 ਵਿਚ ਫੈਸਲਾ ਦਿੰਦੇ ਹੋਏ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰੂਲਾਂ ਅਤੇ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਦਿਤੀਆ ਗਈਆਂ ਗਾਇਡਲਾਇਨਜ ਅਨੁਸਾਰ ਨਵੇ ਸਿਰੇ ਤੋ ਤਿਆਰ ਕਰਨ ਦੇ ਆਦੇਸ ਦਿੱਤੇ ਗਏ ਹਨ।

ਉਪਰੋਕਤ ਹੁਕਮਾਂ ਦੇ ਸਨਮੁੱਖ ਮਾਸਟਰ/ ਮਿਸਟ੍ਰੈਸ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਤਿਆਰ ਕਰਕੇ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਪਾ ਦਿੱਤੀ ਗਈ ਹੈ। ਮਿਤੀ 31-12-2016 ਤੱਕ ਰੈਗੂਲਰ ਹੋਏ ਮਾਸਟਰ /ਮਿਸਟ੍ਰੈਸ ਆਪਣਾ ਇਤਰਾਜ ਭੇਜ ਸਕਦੇ ਹਨ।

ਜੇਕਰ ਇਸ ਸੀਨੀਆਰਤਾ ਸੂਚੀ ਵਿਚ ਕਿਸੇ ਅਧਿਆਪਕ ਦੇ ਵੇਰਵੇ ਦਰਜ ਹੋਣ ਤੋ ਰਹਿ ਗਏ ਹੋਣ ਜਾ ਕਿਸੇ ਅਧਿਆਪਕ ਦੇ ਵੇਰਵੇ ਅਧੂਰੇ ਹੋਣ, ਜਾਂ ਕਿਸੇ ਅਧਿਆਪਕ ਨੂੰ ਇਸ ਸੀਨੀਆਰਤਾ ਸੂਚੀ ਸਬੰਧੀ ਕੋਈ ਇਤਰਾਜ ਹੋਵੇ ਉਹ ਅਜਿਹੇ ਇਤਰਾਜ ਮਿਤੀ 22-09-2018 ਤੱਕ ਡਾਇਰੈਕਟੋਰੇਟ ਵਿਖੇ ਈ-ਪੰਜਾਬ ਸਕੂਲ ਪੋਰਟਲ ਦੇ Staff Login ਲਿੰਕ ਅਧੀਨ ਭੇਜ ਸਕਦੇ ਹਨ। Staff Login ਵਿਚ ਮਾਸਟਰ / ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਦਾ ਅਲੱਗ ਤੋ ਲਿੰਕ ਬਣਾਇਆ ਗਿਆ ਹੈ। ਇਸ ਲਿੰਕ ਵਿਚ ਇਤਰਾਜ ਵਾਲੇ ਕਾਲਮ ਵਿਚ ਸਪਸ਼ਟ ਤੋਰ ਤੇ ਲਿੱਖਿਆ ਜਾਵੇ ਕਿ ਅਧਿਆਪਕ ਸੀਨੀਆਰਤਾ ਲਿਸਟ ਵਿਚ ਕੀ ਸੋਧ ਕਰਵਾਉਣਾ ਚਾਹੁੰਦਾ ਹੈ। ਅਗਰ ਅਧਿਆਪਕ ਦਾ ਨਾਮ ਆਰਜੀ ਸੀਨੀਆਰਤਾ ਸੂਚੀ ਵਿਚ ਸ਼ਾਮਲ ਨਹੀ ਹੈ ਤਾਂ ਉਹ ਇਤਰਾਜ ਵਾਲੇ ਕਾਲਮ ਵਿਚ ਪੂਰੇ ਵੇਰਵੇ ਦਰਜ ਕਰੇਗਾ।

**ਕੋਈ ਵੀ ਇਤਰਾਜ Grievances Link ਤੇ ਨਾ ਭੇਜਿਆ ਜਾਵੇ। Grievances Link ਤੇ ਭੇਜੇ ਗਏ ਇਤਰਾਜ ਤੇ ਵਿਚਾਰ ਨਹੀ ਕੀਤਾ ਜਾਵੇਗਾ।**

ਹਰ ਅਧਿਆਪਕ ਨੂੰ ਈ ਪੰਜਾਬ ਸਕੂਲ ਪੋਰਟਲ ਦੇ Staff Login ਦੀ ਆਈ.ਡੀ. ਅਤੇ ਪਾਸਵਰਡ ਪਹਿਲਾ ਹੀ ਵਿਭਾਗ ਵਲੋ ਦਿੱਤਾ ਜਾ ਚੁਕਾ ਹੈ। ਹਰ ਅਧਿਆਪਕ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੋਰਟਲ ਉੱਤੇ ਭਰੀ ਜਾਣਕਾਰੀ ਨੂੰ ਚੰਗੀ ਤਰਾਂ ਨਾਲ ਚੈਕ ਕਰ ਲਵੇ ਅਤੇ ਜੇਕਰ ਕੋਈ ਦਰੁਸਤੀ ਕਰਨੀ ਹੈ ਤਾਂ ਪੋਰਟਲ ਉੱਤੇ ਕਰ ਲਈ ਜਾਵੇ। ਆਪਣੇ ਇਤਰਾਜ ਦੇਣ ਸਮੇ ਵਿਭਾਗ ਵਲੋ ਜਾਰੀ ਸੀਨੀਆਰਤਾ ਸੂਚੀ ਦਾ ਨੰਬਰ ਠੀਕ ਭਰਿਆ ਜਾਵੇ

ਤਾਂ ਜੋ ਆਪ ਵਲੋ ਦਿੱਤਾ ਇਤਰਾਜ ਵਿਭਾਗ ਵਲੋ ਦੂਰ ਕੀਤਾ ਜਾ ਸਕੇ ਜੇਕਰ ਕਿਸੇ ਅਧਿਆਪਕ ਨੂੰ ਆਪਣਾ ਆਈ.ਡੀ. ਅਤੇ ਪਾਸਵਰਡ ਨਹੀ ਪਤਾ ਤਾਂ ਉਹ ਇਸ ਸਬੰਧੀ ਜਿਲ੍ਹਾ ਐਮ ਆਈ ਐਸ ਕੁਆਰਡੀਨੇਟਰ ਨੂੰ ਸੰਪਰਕ ਕਰ ਸਕਦਾ ਹੈ। ਇਸ ਤੋ ਇਲਾਵਾ ਅਧਿਆਪਕ ਨੂੰ ਆਪਣੇ ਇਤਰਾਜ ਪ੍ਰੋਫਾਰਮਾ ਭਰ ਕੇ ਉਸ ਨਾਲ ਦਸਤਾਵੇਜੀ ਸਬੂਤ ਨੱਥੀ ਕਰਕੇ ਸਾਦੀ ਡਾਕ ਰਾਹੀ ਹੇਠ ਲਿਖੇ ਪਤੇ ਤੇ ਵੀ ਭੇਜਣਾ ਜਰੂਰੀ ਹੋਵੇਗਾ:-

ਸਹਾਇਕ ਡਾਇਰੈਕਟਰ (ਸ:ਪ੍ਰ-3)
ਦ: ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ
ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਈ-ਬਲਾਕ
ਫੇਜ-8, ਐਸ ਏ ਐਸ ਨਗਰ, ਪਿੰਨ-160060

ਡਾਕ ਰਾਹੀ ਭੇਜਣ ਸਮੇ ਲਿਫਾਫੇ ਦੇ ਉਪਰ ਸਾਫ ਅੱਖਰਾਂ ਵਿਚ " **ਮਾਸਟਰ ਕਾਡਰ ਸੀਨੀਆਰਤਾ ਸਬੰਧੀ ਇਤਰਾਜ** " ਲਿਖਿਆ ਜਾਵੇ।

ਇਸ ਸੀਨੀਆਰਤਾ ਸੂਚੀ ਵਿਚ ਅਜਿਹੇ ਹਰ ਉਸ ਅਧਿਆਪਕ ਨੂੰ ਆਪਣਾ ਨਾਮ ਸ਼ਾਮਿਲ ਕਰਵਾਉਣਾ ਜਰੂਰੀ ਹੋਵੇਗਾ ਜਿਸ ਨੇ ਕਿਸੇ ਵੀ ਸਟੇਜ ਤੇ ਬਤੌਰ ਮਾਸਟਰ / ਮਿਸਟ੍ਰੈਸ ਕੰਮ ਕੀਤਾ ਹੋਵੇ, ਅੱਜ ਉਹ ਭਾਂਵੇ ਤਰੱਕੀ ਉਪਰੰਤ ਕਿਸੇ ਵੀ ਅਸਾਮੀ ਤੇ ਕੰਮ ਕਰ ਰਿਹਾ ਹੋਵੇ।

ਸਮੂਹ ਸਕੂਲ ਮੁੱਖੀਆਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹ ਯਕੀਨੀ ਬਣਾਂਉਣਗੇ ਕਿ ਉਹਨਾਂ ਅਧੀਨ ਕੰਮ ਕਰ ਰਹੇ ਅਧਿਆਪਕ ਵੱਲੋ ਸੀਨੀਆਰਤਾ ਸੂਚੀ ਚੈਕ ਕਰ ਲਈ ਹੈ ਅਤੇ ਉਸ ਨੇ ਆਪਣਾ ਨਾਮ ਸ਼ਾਮਿਲ ਕਰਵਾ ਲਿਆ ਹੈ ਜਾਂ ਨਾਮ ਸ਼ਾਮਲ ਕਰਨ ਲਈ ਇਤਰਾਜ ਭੇਜ ਦਿੱਤਾ ਹੈ, ਅਤੇ ਉਸ ਦੇ ਵੇਰਵੇ ਸਹੀ ਹਨ। ਚੰਡੀਗੜ੍ਹ (ਯੂ.ਟੀ.) ਵਿਖੇ ਡੈਪੂਟੇਸਨ ਤੇ ਕੰਮ ਕਰ ਰਹੇ ਅਧਿਆਪਕ ਆਪਣਾ ਇਤਰਾਜ ਸਾਦੀ ਡਾਕ ਰਾਹੀਂ ਉਪਰ ਦਿੱਤੇ ਪਤੇ ਤੇ ਭੇਜ ਸਕਦੇ ਹਨ। ਡਾਕ ਰਾਹੀ ਇਤਰਾਜ ਭੇਜਣ ਦੀ ਆਖਰੀ ਮਿਤੀ 18-09-2018 ਹੋਵੇਗੀ। ਮਿਤੀ 22-09-2018 ਤੋ ਬਾਅਦ ਪ੍ਰਾਪਤ ਕਿਸੇ ਵੀ ਇਤਰਾਜ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮੀਮੋ ਨੰ: 9/131-2018 ਅਮਲਾ-3(4)

ਮਿਤੀ :- 23-08-2018